**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ ਐਸ.ਏ.ਐਸ ਨਗਰ।**
**(ਬਜਟ ਸਾਖਾ)**

ਅਤਿ ਜਰੂਰੀ:
**Through Website:**

ਵੱਲ:

1. ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)
2. ਸਮੂਹ ਸਕੂਲ ਮੁਖੀ / ਡੀ.ਡੀ.ਓਜ਼

ਮੀਮੋ ਨੰ: 9/01-2018 ਬਜਟ (4)Elec / 201978463 to 64.
ਮਿਤੀ ਐਸ.ਏ.ਐਸ ਨਗਰ: 12-03-2019

ਵਿਸ਼ਾ:- ਸਰਕਾਰੀ ਸਕੂਲਾਂ ਦੇ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਸਬੰਧੀ।

ਹਵਾਲਾ: ਵਿਭਾਗ ਦੇ ਪੱਤਰ ਨੰ: 9/1-2018 ਬਜਟ(4)/1713-1737 ਮਿਤੀ 06-04-18, ਪੱਤਰ ਨੰ: 9/1-2018 ਬਜਟ(4)/201840362 ਮਿਤੀ 5-9-18, ਪੱਤਰ ਨੰ: 9/1-2018 ਬਜਟ(4)/ 201850746-67 ਮਿਤੀ 17-10-18, ਪੱਤਰ ਨੰ: 9/1-2018 ਬਜਟ(4)/201857229 ਮਿਤੀ 30-10-18, ਪੱਤਰ ਨੰ: 9/1-2018 ਬਜਟ(4)/201862475-76 ਮਿਤੀ 05-11-18 ਅਤੇ ਪੱਤਰ ਨੰ: 9/1-2018 ਬਜਟ(4)/Elec 201950638-39 ਮਿਤੀ 13-02-19 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰਾਂ ਰਾਹੀਂ ਆਪ ਨੂੰ ਹਦਾਇਤ ਕੀਤੀ ਗਈ ਸੀ ਕਿ ਬਿਜਲੀ ਬਿਲਾਂ ਦੀ ਅਦਾਇਗੀ ਖਜਾਨਾਂ ਬਿੱਲ ਰਾਹੀਂ ਕੀਤੀ ਜਾਵੇ ਅਤੇ ਘੱਟਦੇ ਬਜਟ ਦੀ ਸੂਚਨਾ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ ਰਾਹੀਂ ਇਸ ਦਫਤਰ ਨੂੰ ਦਿੱਤੀ ਜਾਵੇ ਅਤੇ **ਮਿਤੀ 15-02-2019** ਨੂੰ ਸਰਟੀਫਿਕੇਟ ਇਸ ਦਫਤਰ ਨੂੰ ਈ-ਮੇਲ: supdtbudgetdpise@gmail.com ਤੇ ਭੇਜਣ ਕਿ ਉਹਨਾਂ ਦੇ ਜਿਲ੍ਹੇ ਦੇ ਸਾਰੇ ਸਮਿਸ/ਸਹਸ/ਸਸਸਸ ਦੇ ਬਿਜਲੀ ਦੇ ਬਿੱਲ ਖਜਾਨਾ ਦਫਤਰ ਭੇਜ਼ ਦਿੱਤੇ ਗਏ ਹਨ।

ਪਰੰਤੂ ਮਿਤੀ 11-03-2019 ਨੂੰ IFMS ਤੋਂ Online ਰਿਪੋਰਟ ਚੈਕ ਕਰਨ ਤੇ ਪਤਾ ਲੱਗਾ ਕਿ **ਲੇਖਾ ਮੱਦ 2202-02-109-01-00-93-ਬਿਜਲੀ** ਅਧੀਨ ਸਾਲ 2018-19 ਦੌਰਾਨ ਜੋ ਬਜਟ ਅਲਾਟਮੈਂਟ ਕੀਤੀ ਗਈ ਹੈ ਉਸ ਅਨੁਸਾਰ ਸਕੂਲ ਮੁੱਖੀਆਂ ਵੱਲੋਂ ਬਿਜਲੀ ਦੇ ਬਿੱਲ ਆਪਣੇ ਸਬੰਧਤ ਖਜਾਨਾ ਦਫਤਰਾਂ ਵਿੱਚ ਪੇਸ਼ ਨਹੀਂ ਕੀਤੇ ਜਾ ਰਹੇ ਹਨ ਅਤੇ ਸਿਵਾਏ ਜਿਲਾ ਖਜਾਨਾ ਅਫਸਰ(ਸੈ:ਸਿ:) ਮਾਨਸਾ ਦੇ ਕਿਸੇ ਵੀ ਜਿਲਾ ਸਿੱਖਿਆ ਅਫਸਰ(ਸੈ:ਸਿ) ਵੱਲੋਂ ਕੋਈ ਸਰਟੀਫਿਕੇਟ ਇਸ ਦਫਤਰ ਨੂੰ ਨਹੀਂ ਭੇਜਿਆ ਗਿਆ ਹੈ।

IFMS ਤੋਂ Online ਰਿਪੋਰਟ ਅਨੁਸਾਰ ਕੁੱਲ ਬਜਟ 5,92,59,850/- ਵਿੱਚੋਂ ਜਿਲਾ ਸਿੱਖਿਆ ਅਫਸਰਾਂ ਵੱਲੋਂ ਅਜੇ 5,78,61,971/- ਰੁ: ਦੇ ਬਜਟ ਦੀ ਹੀ ਵੰਡ ਕੀਤੀ ਗਈ ਹੈ ਜਿਸ ਵਿੱਚੋਂ ਸਕੂਲ ਮੁੱਖੀਆਂ ਵੱਲੋਂ ਹੁਣ ਤੱਕ 4,91,72,234/- ਰੁ: ਦੇ ਹੀ ਬਿੱਲ ਖਜਾਨਾ ਦਫਤਰਾਂ ਵਿੱਚ ਪੇਸ਼ ਕੀਤੇ ਗਏ ਹਨ।

ਉਪਰੋਕਤ ਸਥਿਤੀ ਨੂੰ ਦੇਖਦੇ ਹੋਏ ਸਮੂਹ ਜਿਲਾ ਸਿੱਖਿਆ ਅਫਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਜੋ ਬਿਜਲੀ ਬਜਟ ਉਹਨਾਂ ਦੇ ਖਾਤੇਆਂ ਵਿੱਚ ਪਿਆ ਹੈ ਉਸ ਦੀ ਵੰਡ ਲੋੜਵੰਦ ਸਕੂਲਾਂ ਨੂੰ ਕੀਤੀ ਜਾਵੇ ਅਤੇ ਆਪਦੇ ਆਪਣੇ ਜਿਲੇ ਅਧੀਨ ਆਉਂਦੇ ਸਮੂਹ ਸਮਿਸ/ਸਹਸ/ਸਸਸਸ ਦੇ ਬਿਜਲੀ ਦੇ ਪੈਂਡਿੰਗ ਬਿੱਲ ਤੁਰੰਤ ਸਬੰਧਤ ਖਜਾਨਾ ਦਫਤਰਾਂ ਵਿੱਚ ਭੇਜੇ ਜਾਣ। ਜੇਕਰ ਹੁਣ ਵੀ ਕਿਸੇ ਸਕੂਲ ਮੁੱਖੀ ਵੱਲੋਂ ਬਿਜਲੀ ਦੇ ਬਿੱਲ ਖਜਾਨਾ ਦਫਤਰ ਵਿਖੇ ਪੇਸ਼ ਨਹੀਂ ਕੀਤੇ ਜਾਂਦੇ ਅਤੇ ਬਜਟ ਲੈਪਸ ਹੋ ਜਾਂਦਾ ਹੈ ਤਾਂ ਸਬੰਧਤ ਸਕੂਲ ਦਾ ਸਕੂਲ ਮੁੱਖੀ ਜਿੰਮੇਵਾਰ ਹੋਵੇਗਾ। ਜਿੰਮੇਵਾਰ ਸਕੂਲ ਮੁੱਖੀ ਵਿਰੁਧ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।

ਡਾਇਰੈਕਟਰ
ਸਿੱਖਿਆ ਵਿਭਾਗ(ਸੈ:ਸਿ) ਪੰਜਾਬ